2018 ਓਨਟਾਰਿਓ ਮਤਦਾਨ ਹੈਂਡਬੁੱਕ

**ਅਸੀਂ ਵੋਟ ਪਾਉਣ ਨੂੰ ਅਸਾਨ ਬਣਾਉਂਦੇ ਹਾਂ।**

ਵੋਟ ਕਰਨ ਦਾ ਕੌਣ, ਕਦੋਂ, ਕਿਥੇ ਅਤੇ ਕਿਵੇਂ

Elections Ontario

ਓਨਟਾਰਿਓ ਦੀ 42ਵੀਂ ਜਨਰਲ ਇਲੈਕਸ਼ਨ **7 ਜੂਨ, 2018** ਨੂੰ ਹੋਏਗੀ।

ਇਸ ਗਾਇਡ ਵਿੱਚ ਓਨਟਾਰਿਓ ਵਿੱਚ ਵੋਟ ਕਰਨ ਦੇ ਕੌਣ, ਕਦੋਂ, ਕਿਥੇ ਅਤੇ ਕਿਵੇਂ ਬਾਰੇ ਮਹੱਤਵਪੂਰਨ ਜਾਣਕਾਰੀ ਸ਼ਾਮਲ ਹੈ।

| | |
|---|---|
| **9 ਮਈ** | ਰਿੱਟਾਂ (Writs) ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਉਮੀਦਵਾਰ ਨਾਮਜ਼ਦਗੀਆਂ ਖੁੱਲਦੀਆਂ ਹਨ |
| **10 ਮਈ** | ਖਾਸ ਮਤਦਾਨ ਦੁਆਰਾ ਵੋਟ ਪਾਉਣ ਵਾਸਤੇ ਅਪਲਾਈ ਕਰਨ ਦਾ ਪਹਿਲਾ ਦਿਨ |
| **17 ਮਈ** | ਉਮੀਦਵਾਰ ਨਾਮਜ਼ਦਗੀਆਂ ਦੁਪਹਿਰ 2 ਵਜੇ (ਈਟੀ) ਬੰਦ ਹੁੰਦੀਆਂ ਹਨ |
| **26 ਮਈ - 6 ਜੂਨ** | ਤੁਹਾਡੇ ਰਿਟਰਨਿੰਗ (returning) ਆਫਿਸ ਵਿੱਚ ਪਹੁੰਚਯੋਗ (Accessible) ਵੋਟਿੰਗ |
| **26 ਮਈ - 30 ਮਈ** | ਅਗਾਉਂ (Advance) ਵੋਟਿੰਗ ਸਵੇਰੇ 10 ਵਜੇ – ਸ਼ਾਮ 8 ਵਜੇ (ਈਟੀ) |
| **29 ਮਈ** | ਈ-ਰਜਿਸਟ੍ਰੇਸ਼ਨ ਵਰਤ ਕੇ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਦਾ ਆਖਰੀ ਦਿਨ |
| **7 ਜੂਨ** | **ਮਤਦਾਨ ਦਾ ਦਿਨ** ਸਵੇਰੇ 9 ਵਜੇ - ਸ਼ਾਮ 9 ਵਜੇ (ਈਟੀ) |

## ਵੋਟ ਕੌਣ ਕਰਦਾ ਹੈ?

ਤੁਸੀਂ 2018 ਦੇ ਆਮ ਮਤਦਾਨ ਵਿੱਚ ਵੋਟ ਪਾਉਣ ਲਈ ਯੋਗ ਹੋ ਜੇ ਤੁਸੀਂ:

- ਮਤਦਾਨ ਦੇ ਦਿਨ, **7 ਜੂਨ, 2018** ਨੂੰ ਘੱਟੋ ਘੱਟ 18 ਸਾਲ ਦੇ ਹੋ, ਅਤੇ
- ਇੱਕ ਕਨੇਡੀਅਨ ਨਾਗਰਿਕ (ਸਿਟੀਜ਼ਨ), ਅਤੇ
- ਓਨਟਾਰਿਓ ਦੇ ਨਿਵਾਸੀ ਹੋ।

## ਮੈਂ ਕਿਸ ਲਈ ਵੋਟ ਕਰ ਰਿਹਾ/ਰਹੀ ਹਾਂ?

ਤੁਸੀਂ ਓਨਟਾਰਿਓ ਦੀ ਵਿਧਾਨ ਸਭਾ ਵਿੱਚ ਸੂਬਾਈ ਸੰਸਦ ਦੇ ਮੈਂਬਰ (ਐਮਪੀਪੀ) (Member of Provincial Parliament (MPP)) ਦੇ ਤੌਰ ਤੇ ਤੁਹਾਡੀ ਨੁਮਾਇੰਦਗੀ ਕਰਨ ਲਈ ਆਪਣੇ ਚੋਣ ਜ਼ਿਲੇ ਵਿੱਚ ਇੱਕ ਰਜਿਸਟਰ ਕੀਤੇ ਹੋਏ ਉਮੀਦਵਾਰ ਲਈ ਵੋਟ ਕਰ ਰਹੇ ਹੋ। 124 ਐਮਪੀਪੀ ਹਨ – ਸੂਬੇ ਵਿੱਚ ਹਰੇਕ ਚੋਣ ਜ਼ਿਲੇ ਲਈ ਇੱਕ।

ਸਭ ਤੋਂ ਜ਼ਿਆਦਾ ਚੁਣੇ ਗਏ ਐਮਪੀਪੀਆਂ (MPPs) ਵਾਲੀ ਰਾਜਨੀਤਿਕ ਪਾਰਟੀ ਆਮਤੌਰ ਤੇ ਨਵੀਂ ਸੂਬਾਈ ਸਰਕਾਰ ਬਣਾਉਂਦੀ ਹੈ।

ਓਨਟਾਰਿਓ ਤੁਹਾਨੂੰ ਤੁਹਾਡੀ ਵੋਟ ਤੋਂ ਇਨਕਾਰ ਕਰਨ ਦਾ ਹੱਕ ਦਿੰਦਾ ਹੈ। ਇਨਕਾਰ ਕੀਤੀਆਂ ਗਈਆਂ ਵੋਟਾਂ ਨੂੰ ਦਫ਼ਤਰੀ ਗਿਣਤੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

**ਕੀ ਨਵਾਂ ਹੈ?**

ਜੇ ਤੁਸੀਂ 16 ਜਾਂ 17 ਸਾਲਾਂ ਦੇ ਹੋ, ਹੁਣ ਤੁਸੀਂ **elections.on.ca** ਤੇ ਆਪਣੇ ਆਪ ਨੂੰ ਭਵਿੱਖ ਦੇ ਵੋਟਰਾਂ ਦੇ ਓਨਟਾਰਿਓ ਰਜਿਸਟਰ (Ontario Register of Future Voters) ਵਿੱਚ ਸ਼ਾਮਲ ਕਰ ਸਕਦੇ ਹੋ।

ਇੱਕ ਵਾਰੀ ਸ਼ਾਮਲ ਕੀਤੇ ਜਾਣ ਤੋਂ ਬਾਅਦ, ਤੁਹਾਡੀ ਜਾਣਕਾਰੀ ਤੁਹਾਡੇ 18 ਸਾਲ ਦਾ ਹੋਣ ਤੇ ਆਪਣੇ ਆਪ ਵੋਟਰਾਂ ਦੀ ਸੂਚੀ ਵਿੱਚ ਟਰਾਂਸਫਰ ਹੋ ਜਾਏਗੀ।

ਇਸ ਆਮ ਮਤਦਾਨ ਵਿੱਚ ਵੋਟ ਕਰਨ ਵਾਸਤੇ ਤੁਹਾਡਾ 7 ਜੂਨ, 2018 ਨੂੰ ਘੱਟੋ ਘੱਟ 18 ਸਾਲ ਦਾ ਹੋਣਾ ਲਾਜ਼ਮੀ ਹੈ।

**ਵੋਟਰ ਦੀ ਚੈੱਕਲਿਸਟ**

- ਯਕੀਨੀ ਬਣਾਓ ਕਿ ਤੁਸੀਂ **elections.on.ca** ਤੇ ਵੋਟ ਕਰਨ ਵਾਸਤੇ ਰਜਿਸਟਰ ਕੀਤਾ ਹੋਇਆ ਹੈ।
- ਡਾਕ ਵਿੱਚ ਆਪਣਾ ਵੋਟਰ ਜਾਣਕਾਰੀ ਕਾਰਡ (ਵੀਆਈਸੀ) ਪ੍ਰਾਪਤ ਕਰੋ।
- ਜਾਂਚੋ ਕਿ ਤੁਹਾਡੇ ਕੋਲ ਸਹੀ ਸ਼ਨਾਖਤ (ID) ਹੈ।
- ਆਪਣੇ ਹੱਕਾਂ, ਮੁੱਦਿਆਂ ਅਤੇ ਉਮੀਦਵਾਰਾਂ ਬਾਰੇ ਜਾਣੋ।
- ਚੁਣੋ ਕਿ ਤੁਸੀਂ ਕਦੋਂ, ਕਿਥੇ ਅਤੇ ਕਿਵੇਂ ਵੋਟ ਪਾਉਣਾ ਚਾਹੁੰਦੇ ਹੋ।
- ਯੋਜਨਾ ਬਣਾਓ ਕਿ ਤੁਸੀਂ ਚੋਣਾਂ ਤੱਕ ਕਿਵੇਂ ਪਹੁੰਚੋਗੇ। ਜਦੋਂ ਤੁਸੀਂ ਵੋਟ ਪਾਉਣ ਲਈ ਜਾਂਦੇ ਹੋ ਤਾਂ ਆਪਣੀ ਸ਼ਨਾਖਤ (ID) ਅਤੇ ਵੀਆਈਸੀ (VIC) ਨਾਲ ਲਿਆਉਣਾ ਯਾਦ ਰੱਖੋ।

**< ਵੋਟਰ ਜਾਣਕਾਰੀ ਕਾਰਡ>**

**ਵੋਟਰਾਂ ਦੀ ਸੂਚੀ ਤੇ?**

ਜਦੋਂ ਤੁਸੀਂ ਵੋਟ ਪਾਉਣ ਲਈ ਜਾਂਦੇ ਹੋ ਤਾਂ ਆਪਣਾ ਵੋਟਰ ਜਾਣਕਾਰੀ ਕਾਰਡ (ਵੀਆਈਸੀ) ਅਤੇ ਸ਼ਨਾਖਤ (ID) ਨਾਲ ਲਿਆਓ।



VOTER INFORMATION CARD
CARTE D'INFORMATION DE L'ÉLECTEUR

Elections Ontario

If Undeliverable Return To: Return Address City ON E0E 0E0

CANADA POSTES POST CANADA
Postage paid Port payé
Lettermail Poste-lettres

859-3956-20011-559312

**Election day / Jour du scrutin :**
June 7, 2018 from 9 a.m. to 9 p.m. (ET)
Le 7 juin 2018, de 9 h à 21 h (HE)

**You vote at / Où voter :**
EVERGREEN DISTRICT SS *
75 NEPTUNE ST
OVERTHERE, ON

**Electoral district / Circonscription électorale :**
LEEDS—GRENVILLE—THOUSAND ISLANDS AND RIDEAU LAKES / LEEDS—GRENVILLE—THOUSAND ISLANDS ET RIDEAU LAKES

**Poll / Bureau de vote :** 247A

**Your address / Votre adresse :**
10-123 MAIN ST SE
OVERTHERE ON 030 303
LINE 3 ADDRESS IF NEEDED

ELECTIONS.ON.CA

**You are registered / Vous êtes inscrit / inscrite**

DAVID EADES
175 BLOOR STREET EAST
TORONTO ON M4W 3R9

**ਮੈਂ ਵੋਟ ਕਦੋਂ ਪਾਵਾਂ?**

ਮਤਦਾਨ ਦਾ ਦਿਨ **7 ਜੂਨ, 2018** ਹੈ। ਸਵੇਰੇ 9 ਵਜੇ ਤੋਂ ਸ਼ਾਮ 9 ਵਜੇ (ਈਟੀ) ਤੱਕ ਵੋਟ ਪਾਓ।

ਤੁਸੀਂ ਇਸ ਤਰ੍ਹਾਂ ਵੀ ਵੋਟ ਪਾ ਸਕਦੇ ਹੋ:

- ਆਪਣੇ ਰਿਟਰਨਿੰਗ (returning) ਆਫਿਸ ਵਿੱਚ ਵਿਅਕਤੀਗਤ ਰੂਪ ਨਾਲ **10 ਮਈ ਤੋਂ 6 ਜੂਨ** ਤੱਕ **,**
- ਸਹਾਇਕ ਮਤਦਾਨ ਤਕਨਾਲੋਜੀ ਦੇ ਨਾਲ ਆਪਣੇ ਰਿਟਰਨਿੰਗ (returning) ਆਫਿਸ ਵਿੱਚ ਵਿਅਕਤੀਗਤ ਰੂਪ ਨਾਲ **26 ਮਈ ਤੋਂ 6 ਜੂਨ** ਤੱਕ,
- **26 ਮਈ ਤੋਂ 30 ਮਈ** ਤੱਕ **ਸਵੇਰੇ 10 ਵਜੇ ਤੋਂ ਸ਼ਾਮ 8 ਵਜੇ (ਈਟੀ)** ਤੱਕ ਅਗਾਊਂ (Advance) ਵੋਟਿੰਗ ਦੇ ਦੌਰਾਨ ਵਿਅਕਤੀਗਤ ਰੂਪ ਨਾਲ, ਜਾਂ
- **10 ਮਈ, 2018** ਤੋਂ ਸ਼ੁਰੂ ਕਰਕੇ, ਡਾਕ ਰਾਹੀਂ। ਤੁਹਾਡੀ ਅੰਕਿਤ ਵੋਟ ਮਤਦਾਨ ਦੇ ਦਿਨ, **7 ਜੂਨ, 2018** ਨੂੰ **ਸ਼ਾਮ 6 ਵਜੇ (ਈਟੀ)** ਤੋਂ ਪਹਿਲਾਂ ਇਲੈਕਸ਼ਨਜ਼ ਓਨਟਾਰਿਓ ਦੇ ਹੈੱਡ ਆਫਿਸ ਵਿੱਚ ਪ੍ਰਾਪਤ ਹੋਣੀ ਚਾਹੀਦੀ ਹੈ। ਤੁਸੀਂ ਇੱਥੇ ਇੱਕ ਐਪਲੀਕੇਸ਼ਨ ਨੂੰ ਫਾਰਮ ਪ੍ਰਾਪਤ ਕਰ ਸਕਦੇ ਹੋ:

  **elections.on.ca**
  **sb@elections.on.ca**
  **ਤੁਹਾਡਾ ਰਿਟਰਨਿੰਗ (returning) ਆਫਿਸ**

  **1-855-523-5932** (ਟੋਲ ਫ੍ਰੀ)

  **1-416-649-1046** (ਕਲੈਕਟ)

  **1-888-292-2312** (ਟੀਟੀਵਾਏ ਟੋਲ ਫ੍ਰੀ)

**ਯਾਦ ਰੱਖੋ**

ਆਪਣਾ ਵੋਟ ਜਲਦੀ ਪ੍ਰਾਪਤ ਕਰਨ ਲਈ ਆਪਣਾ ਵੋਟਰ ਜਾਣਕਾਰੀ ਕਾਰਡ (ਵੀਆਈਸੀ) ਅਤੇ ਸ਼ਨਾਖਤ (ID) ਨਾਲ ਲਿਆਓ।

**ਮੈਂ ਕਿਥੇ ਵੋਟ ਕਰਾਂ?**

ਜੇ ਤੁਸੀਂ **29 ਮਈ, 2018** ਤੱਕ ਵੋਟ ਪਾਉਣ ਲਈ ਰਜਿਸਟ੍ਰੇਸ਼ਨ ਕੀਤਾ ਹੈ ਤਾਂ ਤੁਸੀਂ ਮਤਦਾਨ ਦੇ ਦਿਨ ਤੋਂ ਪਹਿਲਾਂ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ (ਵੀਆਈਸੀ) ਪ੍ਰਾਪਤ ਕਰੋਗੇ। ਵੀਆਈਸੀ (VIC) ਵਿੱਚ ਤੁਸੀਂ ਕਦੋਂ ਅਤੇ ਕਿਥੇ ਵੋਟ ਪਾ ਸਕਦੇ ਹੋ ਬਾਰੇ ਜਾਣਕਾਰੀ ਸ਼ਾਮਲ ਹੈ। ਤੁਸੀਂ **elections.on.ca** ਤੇ ਵੀ ਆਪਣਾ ਵੋਟਿੰਗ ਦਾ ਸਥਾਨ ਲੱਭ ਸਕਦੇ ਹੋ।

**ਵਿਦਿਆਰਥੀ ਵੋਟਿੰਗ**

ਜੇ ਤੁਸੀਂ ਸਕੂਲ ਵਿੱਚ ਹੋ, ਤਾਂ ਤੁਸੀਂ ਉਸ ਚੋਣ ਜ਼ਿਲੇ ਵਿੱਚ ਵੋਟ ਪਾਉਣ ਦੀ ਚੋਣ ਕਰ ਸਕਦੇ ਹੋ ਜਿਥੇ ਤੁਸੀਂ ਸਥਾਈ ਤੌਰ ਤੇ ਰਹਿੰਦੇ ਹੋ ਜਾਂ ਉਸ ਚੋਣ ਜ਼ਿਲੇ ਵਿੱਚ ਜਿਥੇ ਤੁਸੀਂ ਸਕੂਲ ਜਾਣ ਲਈ ਅਸਥਾਈ ਤੌਰ ਤੇ ਰਹਿੰਦੇ ਹੋ। ਵੋਟ ਪਾਉਣ ਲਈ, ਤੁਹਾਡੇ ਕੋਲ ਅਜਿਹੀ ਸ਼ਨਾਖਤ ਹੋਣੀ ਚਾਹੀਦੀ ਹੈ ਜਿਹੜੀ ਤੁਹਾਡਾ ਨਾਮ ਅਤੇ ਰਿਹਾਇਸ਼ੀ ਪਤਾ ਦਰਸ਼ਾਉਂਦੀ ਹੈ।

**ਹਸਪਤਾਲ ਵੋਟਿੰਗ**

ਜੇ ਤੁਸੀਂ ਦੇਖਭਾਲ ਪ੍ਰਾਪਤ ਕਰਨ ਵਾਸਤੇ ਭਾਗ ਲੈਣ ਵਾਲੇ ਹਸਪਤਾਲ ਵਿੱਚ ਰਹਿ ਰਹੇ ਹੋ, ਸੰਭਵ ਹੈ ਕਿ ਤੁਸੀਂ **21 ਮਈ ਤੋਂ 23 ਮਈ** ਤੱਕ ਵੋਟ ਪਾ ਸਕੋ। ਆਪਣੇ ਰਿਟਰਨਿੰਗ (returning) ਆਫਿਸ ਦੇ ਨਾਲ ਜਾਂਚੋ।

**ਕੀ ਨਵਾਂ ਹੈ?**

2018 ਆਮ ਮਤਦਾਨ ਦੇ ਲਈ ਓਨਟਾਰਿਓ ਦੇ ਚੋਣ ਜ਼ਿਲੇ 124 ਤੱਕ ਵੱਧ ਗਏ ਹਨ।

ਇਸ ਦਾ ਮਤਲਬ ਹੈ ਕਿ ਹੋ ਸਕਦਾ ਹੈ ਕਿ ਤੁਸੀਂ ਹੁਣ ਇੱਕ ਨਵੇਂ ਚੋਣ ਜ਼ਿਲੇ ਵਿੱਚ ਵੋਟ ਪਾ ਰਹੇ ਹੋਵੋ।

**elections.on.ca** ਤੇ ਆਪਣਾ ਵੋਟਿੰਗ ਦਾ ਸਥਾਨ ਲੱਭੋ।

**ਮੈਂ ਵੋਟ ਕਰਨ ਲਈ ਕਿਵੇਂ ਰਜਿਸਟਰ ਕਰਾਂ?**

ਜੇ ਤੁਹਾਨੂੰ ਵੋਟਰ ਜਾਣਕਾਰੀ ਕਾਰਡ (ਵੀਆਈਸੀ) ਪ੍ਰਾਪਤ ਨਹੀਂ ਹੋਇਆ ਹੈ, ਤਾਂ ਸੰਭਵ ਹੈ ਕਿ ਤੁਸੀਂ ਵੋਟਰ ਸੂਚੀ ਤੇ ਨਾ ਹੋਵੋ।

ਵੀਆਈਸੀ (VIC) ਪ੍ਰਾਪਤ ਕਰਨ ਵਾਸਤੇ ਆਪਣੇ ਆਪ ਨੂੰ **29 ਮਈ, 2018** ਤੱਕ **elections.on.ca** ਵੋਟਰ ਸੂਚੀ ਵਿੱਚ ਸ਼ਾਮਲ ਕਰੋ। ਤੁਸੀਂ ਆਪਣੇ ਰਿਟਰਨਿੰਗ (returning) ਆਫਿਸ ਵਿੱਚ, ਇੱਕ ਅਗਾਊਂ (Advance) ਚੋਣ ਤੇ ਜਾਂ ਮਤਦਾਨ ਦੇ ਦਿਨ ਤੇ ਵੀ ਆਪਣੀ ਜਾਣਕਾਰੀ ਨੂੰ ਅੱਪਡੇਟ ਕਰ ਸਕਦੇ ਹੋ।

ਆਪਣੇ ਆਪ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਵਾਸਤੇ, ਤੁਹਾਨੂੰ ਸ਼ਨਾਖਤ ਦੇ ਇੱਕ ਪੀਸ ਦੀ ਲੋੜ ਹੋਵੇਗੀ ਜਿਹੜਾ ਤੁਹਾਡਾ ਨਾਮ ਅਤੇ ਰਿਹਾਇਸ਼ੀ ਪਤਾ ਦਰਸ਼ਾਉਂਦਾ ਹੈ।

elections.on.ca ਤੇ ਸਵੀਕਾਰਯੋਗ ਸ਼ਨਾਖਤ (ID) ਦੀ ਸੂਚੀ ਲੱਭੋ।

**ਕੀ ਨਵਾਂ ਹੈ?**

ਸਾਡਾ ਨਵਾਂ ਈ-ਰਜਿਸਟ੍ਰੇਸ਼ਨ ਟੂਲ ਵੋਟਰ ਸੂਚੀ ਤੇ ਆਪਣੀ ਜਾਣਕਾਰੀ ਦੀ ਪੁਸ਼ਟੀ ਕਰਨ, ਉਸ ਨੂੰ ਅੱਪਡੇਟ ਕਰਨ ਜਾਂ ਸ਼ਾਮਲ ਕਰਨ ਨੂੰ ਤੁਹਾਡੇ ਲਈ ਸੁਵਿਧਾਜਨਕ ਬਣਾਉਂਦਾ ਹੈ।

ਮਤਦਾਨ ਦੇ ਦਿਨ ਤੇ ਵੋਟ ਪਾਉਣ ਨੂੰ ਅਸਾਨ ਬਣਾਉਣ ਲਈ **29 ਮਈ, 2018** ਤੱਕ **elections.on.ca** ਤੇ ਜਾਓ।

**ਜੇ ਮੈਨੂੰ ਵੋਟ ਕਰਨ ਲਈ ਸਹਾਇਤਾ ਦੀ ਲੋੜ ਹੈ ਤਾਂ ਕੀ?**
**elections.on.ca** ਤੇ ਆਪਣੇ ਵੋਟਿੰਗ ਦੇ ਸਥਾਨ ਦੀ ਪਹੁੰਚਯੋਗਤਾ ਬਾਰੇ ਹੋਰ ਜਾਣੋ।

ਸੇਵਾ ਜਾਨਵਰਾਂ ਦੀ ਅਗਿਆ ਹੈ।

ਤੁਸੀਂ ਪਰਿਵਾਰ ਦੇ ਮੈਂਬਰ, ਦੋਸਤ ਜਾਂ ਸਹਾਰਾ ਦੇਣ ਵਾਲੇ ਵਿਅਕਤੀ ਨੂੰ ਲਿਆ ਸਕਦੇ ਹੋ, ਜਾਂ ਇੱਕ ਚੋਣ ਕਰਮਚਾਰੀ ਨੂੰ ਤੁਹਾਨੂੰ ਵੋਟ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਕਹਿ ਸਕਦੇ ਹੋ। ਤੁਹਾਨੂੰ ਦੋਵਾਂ ਨੂੰ ਇਹ ਘੋਸ਼ਤ ਕਰਨ ਲਈ ਕਿਹਾ ਜਾਏਗਾ ਕਿ ਸਹਾਇਤਾ ਦੀ ਲੋੜ ਹੈ ਅਤੇ ਇਹ ਕਿ ਤੁਹਾਡੀ ਵੋਟ ਨੂੰ ਗੁਪਤ ਰੱਖਿਆ ਜਾਏਗਾ।

ਤੁਸੀਂ ਟੂਲ ਅਤੇ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ:

- 30 ਤੋਂ ਵੱਧ ਭਾਸ਼ਾਵਾਂ ਵਿੱਚ ਵੋਟਿੰਗ ਹਿਦਾਇਤਾਂ,
- ਵੱਡਾ ਕਰਨ ਵਾਲੀਆਂ (magnifying) ਸ਼ੀਟਾਂ,
- ਤੁਹਾਡੀ ਵੋਟ ਵਾਸਤੇ ਇੱਕ ਬ੍ਰੇਲ ਟੈਂਮਪਲੇਟ,
- **26 ਮਈ ਤੋਂ 6 ਜੂਨ** ਤੱਕ ਤੁਹਾਡੇ ਸਥਾਨਕ ਰਿਟਰਨਿੰਗ (returning) ਆਫਿਸ ਵਿੱਚ ਸਹਾਇਕ ਵੋਟਿੰਗ ਤਕਨਾਲੋਜੀ, ਜਾਂ
- ਰਜਿਸਟਰ ਕੀਤੇ ਹੋਏ ਸਾਈਨ ਭਾਸ਼ਾ ਦੁਭਾਸ਼ੀਏ ਜਾਂ ਦਖਲ ਦੇਣ ਵਾਲੇ (intervenor) ਵਿਅਕਤੀ ਵਾਸਤੇ ਭੁਗਤਾਨ ਕਰਨ ਲਈ ਅਦਾਇਗੀ।

ਜੇ ਤੁਹਾਨੂੰ ਅਜਿਹੀ ਅਪੰਗਤਾ ਹੈ ਜਿਹੜੀ ਗਤੀਸ਼ੀਲਤਾ ਨੂੰ ਪ੍ਰਭਾਵਿਤ ਕਰਦੀ ਹੈ, ਕਿਰਪਾ ਕਰਕੇ ਆਪਣੇ ਰਿਟਰਨਿੰਗ (returning) ਆਫਿਸ ਨਾਲ ਸੰਪਰਕ ਕਰੋ।

**ਕੀ ਨਵਾਂ ਹੈ?**
ਹੁਣ ਤੁਸੀਂ ਆਪਣੇ ਮੋਬਾਇਲ ਫੋਨ ਨੂੰ ਇੱਕ ਸਹਾਇਕ ਜੰਤਰ ਦੀ ਤਰ੍ਹਾਂ ਵਰਤ ਸਕਦੇ ਹੋ।

ਪਰ, ਤੁਸੀਂ ਉਸ ਨੂੰ ਪੂਰੀਆਂ ਕੀਤੀਆਂ ਗਈਆਂ ਵੋਟਾਂ ਦੀਆਂ ਤਸਵੀਰਾਂ ਜਾਂ ਵੀਡੀਓ ਲੈਣ ਜਾਂ ਸਾਂਝੇ ਕਰਨ ਲਈ ਨਹੀਂ ਵਰਤ ਸਕਦੇ।

ਸਾਡੇ ਨਾਲ ਸੰਪਰਕ ਕਰੋ:
ਵੈੱਬਸਾਇਟ **elections.on.ca**
ਫੋਨ **1-888-668-8683**
ਟੀਟੀਵਾਏ **1-888-292-2312**
ਈਮੇਲ **info@elections.on.ca**

ਟਵਿਟਰ **@ElectionsON**
ਫੇਸਬੁੱਕ **ElectionsON**
ਇੰਸਟਾਗ੍ਰਾਮ **@electionson**
ਯੂ ਟਿਯੂਬ **ElectionsOn**

ਇਸ ਹੈਂਡਬੁੱਕ ਵਿਚਲੀ ਜਾਣਕਾਰੀ ਨੂੰ ਪਹੁੰਚਯੋਗ ਫਾਰਮੈਟ ਵਿੱਚ ਪ੍ਰਾਪਤ ਕਰਨ ਵਾਸਤੇ, ਕਿਰਪਾ ਕਰਕੇ elections.on.ca ਤੇ ਜਾਓ ਜਾਂ 1-888-668-8683 ਜਾਂ 1-888-292-2312 (ਟੀਟੀਵਾਏ) ਤੇ ਫੋਨ ਕਰੋ।

**ਮੈਂ ਮਤਦਾਨ ਦੇ ਦੌਰਾਨ ਕੰਮ ਕਿਵੇਂ ਕਰ ਸਕਦਾ/ਦੀ ਹਾਂ?**

ਇਲੈਕਸ਼ਨਜ਼ ਓਨਟਾਰਿਓ ਮਤਦਾਨ ਨੂੰ ਡਿਲਿਵਰ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਚੋਣ ਕਰਮਚਾਰੀ ਭਾਲ ਰਹੀ ਹੈ। ਜਿਆਦਾਤਰ ਅਹੁਦਿਆਂ ਦੇ ਲਈ ਤੁਹਾਨੂੰ ਘੱਟੋ ਘੱਟ 18 ਸਾਲ ਦਾ ਹੋਣ ਦਾ ਲੋੜ ਹੈ, ਅਤੇ ਕਈ ਅਜਿਹੇ ਅਹੁਦੇ 16 ਸਾਲ ਦੇ ਲੋਕਾਂ ਲਈ ਖੁੱਲੇ ਹਨ। ਵੇਰਵੇ ਲਈ, **elections.on.ca** ਤੇ ਜਾਓ।